ਮਿੱਠੇ ਬੱਚੇ:- "ਮਿੱਠੇ ਬੱਚੇ :- ਸ਼ੁਭ ਕੰਮ ਵਿਚ ਦੇਰ ਨਹੀਂ ਕਰਨੀ ਹੈ, ਆਪਣੇ ਭਾਈ ਅਤੇ ਭੈਣਾਂ ਨੂੰ ਠੋਕਰ ਖਾਣ ਤੋਂ ਬਚਾਉਣਾ ਹੈ। ਭੂੰ-ਭੂੰ ਕਰ ਆਪਣੇ ਵਰਗਾ ਬਣਾਉਣਾ ਹੈ।"

ਪ੍ਰਸ਼ਨ:- ਪ੍ਰਸ਼ਨ:- ਕਿਹੜੀ ਗੱਲ ਦਾ ਅਨੱਰਥ ਹੋਣ ਕਾਰਣ ਭਾਰਤ ਕੋਡੀ ਵਰਗਾ ਬਣ ਗਿਆ ਹੈ?

ਉੱਤਰ:- ਸਭ ਤੋਂ ਵੱਡਾ ਅਨਰਥ ਹੋਇਆ ਹੈ ਜੋ ਗੀਤਾ ਦੇ ਸਵਾਮੀ ਨੂੰ ਭੁੱਲ ਕੇ, ਗੀਤਾ ਗਿਆਨ ਨਾਲ ਜਨਮ ਲੈਣ ਵਾਲੇ ਬੱਚੇ ਨੂੰ ਸਵਾਮੀ ਕਹਿ ਦਿੱਤਾ ਹੈ। ਇਸ ਇਕ ਅਨਰਥ ਦੇ ਕਾਰਣ ਬੱਚੇ ਬਾਪ ਤੋਂ ਬੇਮੁੱਖ ਹੋ ਗਏ ਹਨ। ਭਾਰਤ ਕੋਡੀ ਵਰਗਾ ਬਣ ਗਿਆ ਹੈ। ਹੁਣ ਤੁਸੀਂ ਬੱਚੇ ਬਾਪ ਤੋਂ ਸੱਚੀ ਗੀਤਾ ਸੁਣ ਰਹੇ ਹੋ। ਜਿਸ ਗੀਤਾ ਦੇ ਨਾਲ ਹੀ ਦੇਵੀ - ਦੇਵਤਾ ਧਰਮ ਸਥਾਪਨ ਹੁੰਦਾ ਹੈ। ਤੁਸੀਂ ਸ਼੍ਰੀਕ੍ਰਿਸ਼ਨ ਦੇ ਸਮਾਨ ਬਣਦੇ ਹੋ।

ਗੀਤ:- ਕਿਸ ਨੇ ਇਹ ਸਭ ਖੇਲ ਰਚਾਇਆ...

ਓਮ ਸ਼ਾਂਤੀ। ਬ੍ਰਾਹਮਣ ਕੁਲਭੂਸ਼ਨ ਬੱਚੇ ਸਮਝ ਗਏ ਹਨ ਕਿ ਸਾਨੂੰ ਸਵਰਗ ਵਿਚ ਬਹੁਤ ਅਪਰਮਪਾਰ ਸੁਖ ਸਨ, ਅਸੀਂ ਬੜੇ ਖੁਸ਼ ਸੀ। ਅਸੀਂ ਜੀਵ ਆਤਮਾਵਾਂ ਸਵਰਗ ਦੇ ਵਿਚ ਬੜੇ ਮਸਤੀ ਵਿਚ ਸੀ, ਫਿਰ ਕੀ ਹੋਇਆ? ਰੰਗ ਰੂਪ ਦੀ ਮਾਇਆ ਆ ਕੇ ਚਟਕੀ। ਵਿਕਾਰਾਂ ਦੇ ਕਾਰਣ ਇਸਨੂੰ ਨਰਕ ਕਿਹਾ ਜਾਂਦਾ ਹੈ। ਨਰਕ ਤਾਂ ਸਾਰਾ ਹੈ। ਹੁਣ ਜੋ ਭ੍ਰਮਰੀ ਦਾ ਮਿਸਾਲ ਦਿੰਦੇ ਹਨ ਭ੍ਰਮਰੀ ਅਤੇ ਬ੍ਰਾਹਮਣੀ ਦੋਵਾਂ ਦਾ ਇਕ ਹੀ ਕੰਮ ਹੈ। ਭ੍ਰਮਰੀ ਦਾ ਮਿਸਾਲ ਤੁਹਾਡੇ ਉਪਰ ਹੀ ਹੈ, ਉਹ ਕੀੜੇ ਲੈ ਜਾਂਦੀ ਹੈ। ਘਰ ਬਣਾ ਕੇ ਉਸ ਵਿਚ ਕੀੜੇ ਪਾ ਦਿੰਦੀ ਹੈ। ਇਹ ਵੀ ਨਰਕ ਹੈ, ਸਭ ਕੀੜੇ ਹਨ। ਪਰ ਸਭ ਕੀੜੇ ਦੇਵੀ - ਦੇਵਤਾ ਧਰਮ ਵਾਲੇ ਨਹੀਂ ਹਨ। ਜੋ ਵੀ ਧਰਮ ਵਾਲੇ ਹਨ ਸਭ ਨਰਕ ਵਾਸੀ ਕੀੜੇ ਹਨ। ਹੁਣ ਦੇਵੀ - ਦੇਵਤਾ ਧਰਮ ਦੇ ਕੀੜੇ ਕੌਣ ਹਨ, ਇਹ ਕਿਵੇਂ ਪਤਾ ਚੱਲੇ ਕਿ ਇਹ ਬ੍ਰਹਮਾ ਵੰਸ਼ੀ ਬ੍ਰਹਮਣੀਆਂ ਹਨ ਜੋ ਬੈਠ ਭੂੰ-ਭੂੰ ਕਰਦੀਆਂ ਹਨ। ਜੋ ਦੇਵੀ ਦੇਵਤਾ ਧਰਮ ਦੇ ਹੋਣਗੇ ਉਹ ਹੀ ਠਹਿਰ ਸਕਣਗੇ। ਜੋ ਨਹੀਂ ਹੋਣਗੇ, ਉਹ ਨਹੀਂ ਠਹਿਰ ਸਕਣਗੇ। ਨਰਕ ਵਾਸੀ ਕੀੜੇ ਤਾਂ ਸਭ ਹਨ। ਸੰਨਿਆਸੀ ਵੀ ਇਹ ਹੀ ਕਹਿੰਦੇ ਹਨ ਨਰਕ ਦਾ ਇਹ ਸੁਖ ਕਾਗ ਵਿਸ਼ਟਾ ਸਮਾਨ ਹੈ। ਉਨ੍ਹਾਂ ਨੂੰ ਇਹ ਪਤਾ ਨਹੀਂ ਕਿ ਸਵਰਗ ਵਿਚ ਬੇਸ਼ੁਮਾਰ ਸੁਖ ਹਨ। ਇਥੇ 5 ਪ੍ਰਤੀਸ਼ਤ ਸੁਖ ਅਤੇ 95 ਪ੍ਰਤੀਸ਼ਤ ਦੁੱਖ ਹੈ। ਤਾਂ ਇਸਨੂੰ ਕੋਈ ਸਵਰਗ ਨਹੀਂ ਕਿਹਾ ਜਾਵੇਗਾ। ਸਵਰਗ ਵਿਚ ਤਾਂ ਦੁੱਖ ਦੀ ਗੱਲ ਹੀ ਨਹੀਂ। ਇਥੇ ਤਾਂ ਅਨੇਕ ਸ਼ਾਸਤਰ, ਅਨੇਕ ਧਰਮ ਅਤੇ ਅਨੇਕ ਮੱਤਾਂ ਹੋ ਗਈਆਂ ਹਨ। ਸਵਰਗ ਵਿਚ ਤਾਂ ਇਕ ਹੀ ਅਦਵੈਤ ਦੇਵਤਾ ਮਤ ਹੈ। ਇਕ ਹੀ ਧਰਮ ਹੈ। ਤਾਂ ਤੁਸੀਂ ਹੋ ਬ੍ਰਾਹਮਣੀਆਂ ਤੁਸੀਂ ਭੂੰ-ਭੂੰ ਕਰਦੇ ਹੋ ਤਾਂ ਫਿਰ ਜਿਹੜੇ ਇਸ ਧਰਮ ਦੇ ਹਨ ਉਹ ਠਹਿਰ ਜਾਂਦੇ ਹਨ। ਕਈ ਤਰ੍ਹਾਂ ਦੇ ਹਨ। ਕਈ ਨੇਚਰ ਨੂੰ ਮੰਨਦੇ ਹਨ ਤੇ ਕਈ ਸਾਇੰਸ ਨੂੰ। ਕਈ ਕਹਿੰਦੇ ਹਨ ਇਹ ਸ੍ਰਿਸ਼ਟੀ ਕਲਪਨਾ ਮਾਤਰ ਹੈ। ਇਹੋ ਜਿਹੀਆਂ ਗੱਲਾਂ ਇਥੇ ਹੀ ਚਲਦੀਆਂ ਹਨ, ਸਤਿਯੁਗ ਵਿਚ ਨਹੀਂ। ਇਹ ਬੇਹੱਦ ਦਾ ਬਾਪ ਪ੍ਰਜਾਪਿਤਾ ਬ੍ਰਹਮਾ ਦੇ ਮੁੱਖ ਕਮਲ ਤੋਂ ਆਪਣੇ ਬੱਚਿਆਂ ਨੂੰ ਬੈਠ ਸਮਝਾਉਂਦੇ ਹਨ ਤੁਸੀਂ ਮੇਰੇ ਹੀ ਕੋਲ ਸੀ, ਹੁਣ ਮੇਰੇ ਕੋਲ ਆਉਣਾ ਹੈ। ਇਸ ਵਿਚ ਸ਼ਾਸਤਰਾਂ ਦੀ ਗੱਲ ਤਾਂ ਨਹੀਂ ਹੈ। ਕ੍ਰਾਇਸਟ ਅਤੇ ਬੁੱਧ ਆਉਂਦੇ ਹਨ, ਉਹ ਵੀ ਆਕੇ ਸੁਣਾਉਂਦੇ ਹਨ, ਉਸ ਵੇਲੇ ਤਾਂ ਸ਼ਾਸਤਰਾਂ ਦਾ ਪ੍ਰਸ਼ਨ ਉੱਠ ਨਹੀਂ ਸਕਦਾ। ਕ੍ਰਾਇਸਟ, ਬਾਈਬਲ ਪੜਦਾ ਸੀ ਕੀ? ਬਾਈਬਲ ਦਾ ਤਾਂ ਪ੍ਰਸ਼ਨ ਨਹੀਂ ਉੱਠਦਾ। ਬਾਪ ਕਹਿੰਦੇ ਹਨ - ਤੁਸੀਂ ਬੱਚੇ, ਆਪਣੀ ਹਾਲਤ ਤਾਂ ਦੇਖੋ। ਮਾਇਆ ਰਾਵਣ ਨੇ ਤੁਹਾਡੀ ਕੀ ਹਾਲਤ ਕਰ ਦਿੱਤੀ ਹੈ। ਸਮਝਦੇ ਵੀ ਹਨ ਅਸੀਂ ਆਸੁਰੀ ਰਾਵਣ ਸੰਪਰਦਾਏ ਦੇ ਹਾਂ। ਰਾਵਣ ਨੂੰ ਸਾੜਦੇ ਹਨ, ਪਰ ਉਹ ਮਰਦਾ ਨਹੀਂ, ਰਾਵਣ ਦਾ ਸਾੜਨਾ ਕਦੋਂ ਬੰਦ ਹੋਵੇਗਾ? ਇਹ ਮਨੁੱਖਾਂ ਨੂੰ ਪਤਾ ਨਹੀਂ। ਤੁਸੀਂ ਹੋ ਈਸ਼ਵਰੀਏ ਦੈਵੀ ਸੰਪ੍ਰਦਾਇ। ਤੁਸੀਂ ਮੇਰੇ ਬੱਚੇ ਹੋ, ਹੁਣ ਮੈਂ ਫਿਰ ਤੁਹਾਨੂੰ ਰਾਜਯੋਗ ਸਿਖਾਉਣ ਲਈ ਆਇਆ ਹਾਂ। ਅਨੇਕ ਧਰਮ ਹਨ। ਉਨ੍ਹਾਂ ਵਿੱਚੋ ਕੱਢਣ ਲਈ ਕਿੰਨੀ ਮੇਹਨਤ ਲਗਦੀ ਹੈ। ਗੀਤਾ ਵੀ ਕਿਥੋਂ ਆਈ? ਆਦਿ ਸਨਾਤਨ ਧਰਮ ਜੋ ਸੀ ਉਸ ਦੀਆਂ ਨਿਸ਼ਾਨੀਆਂ ਕਿਥੋਂ ਨਿਕਲੀਆਂ? ਜੋ ਫਿਰ ਰਿਸ਼ੀ ਮੁਨੀਆਂ ਨੇ ਬੈਠ ਬਣਾਈ, ਜੋ ਹੁਣ ਤੱਕ ਸੁਣਦੇ ਆਏ ਹਾਂ। ਵੇਦ ਕਿਸਨੇ ਗਾਏ। ਵੇਦਾਂ ਦਾ ਬਾਪ ਕੌਣ ਹੈ? ਬਾਪ ਕਹਿੰਦੇ ਹਨ ਕਿ ਗੀਤਾ ਦਾ ਭਗਵਾਨ ਮੈਂ ਹਾਂ। ਗੀਤਾ ਮਾਤਾ ਦੀ ਰਚਨਾ ਕੀਤੀ ਸ਼ਿਵਬਾਬਾ ਨੇ। ਗੀਤਾ ਤੋਂ ਜਨਮ ਲਿਆ ਸ਼੍ਰੀਕ੍ਰਿਸ਼ਨ ਨੇ। ਉਨ੍ਹਾਂ ਦੇ ਨਾਲ ਰਾਧੇ ਆਦਿ ਸਾਰੇ ਆ ਜਾਂਦੇ ਹਨ। ਪਹਿਲੋਂ ਹਨ ਹੀ ਬ੍ਰਾਹਮਣ।

ਤੁਹਾਨੂੰ ਬੱਚਿਆਂ ਨੂੰ ਪੱਕਾ ਨਿਸ਼ਚੇ ਹੈ ਕਿ ਉਹ ਸਾਡਾ ਮੋਸਟ ਬਿਲਵਰਡ ਬਾਪ ਹੈ- ਜਿਸਨੂੰ ਸਾਰੇ ਕਹਿੰਦੇ ਹਨ ਕਿ ਓ ਗੌਡ ਫਾਦਰ ਰਹਿਮ ਕਰੋ। ਭਗਤ ਪੁਕਾਰਦੇ ਹਨ ਕਿ ਕਿਵੇਂ ਦੁੱਖ ਤੋਂ ਛੁਟਕਾਰਾ ਹੋਵੇ। ਜੇਕਰ ਭਗਵਾਨ ਸਰਵਵਿਆਪੀ ਹੈ ਤਾਂ ਫਿਰ ਪੁਕਾਰਨ ਦੀ ਕੋਈ ਗੱਲ ਨਹੀਂ ਹੈ। ਮੇਨ ਹੈ ਗੀਤਾ ਦੀ ਗੱਲ, ਕਿੰਨੇ ਯਗ ਆਦਿ ਰਚਦੇ ਹਨ। ਹੁਣ ਤੁਸੀਂ ਅਜਿਹੇ ਪਰਚੇ ਛਪਵਾਓ। ਹੁਣ ਕਿੰਨਾ ਅਨੱਰਥ ਹੋ ਗਿਆ ਹੈ। ਜਿੱਥੇ ਦੇਖੋ ਗੀਤਾ ਲਿਖਦੇ ਰਹਿੰਦੇ ਹਨ। ਗੀਤਾ ਕਿਸਨੇ ਰਚੀ, ਕਿਸਨੇ ਗਾਈ, ਕਦੋਂ ਗਾਈ, ਕਿਸ ਨੇ ਬਣਾਈ, ਕੁਝ ਵੀ ਪਤਾ ਨਹੀਂ ਹੈ। ਸ਼੍ਰੀਕ੍ਰਿਸ਼ਨ ਦਾ ਵੀ ਪੂਰਾ ਪਰਿਚੇ ਨਹੀਂ ਹੈ। ਬੱਸ, ਕਹਿ ਦਿੰਦੇ ਹਨ ਜਿਧਰ ਦੇਖੋ ਸਰਵਵਿਆਪੀ ਕ੍ਰਿਸ਼ਨ ਹੀ ਕ੍ਰਿਸ਼ਨ ਹੈ। ਰਾਧੇ ਦੇ ਭਗਤ ਰਾਧੇ ਦੇ ਲਈ ਕਹਿਣਗੇ ਸਰਵਵਿਆਪੀ ਰਾਧੇ ਹੀ ਰਾਧੇ ਹੈ। ਇਕ ਨਿਰਾਕਾਰ ਪਰਮਾਤਮਾ ਨੂੰ ਹੀ ਕਹੀਏ ਤਾਂ ਵੀ ਠੀਕ ਹੈ। ਸਭ ਨੂੰ ਕਿਓਂ ਸਰਵਵਿਆਪੀ ਕਰ ਦਿੱਤਾ ਹੈ। ਗਨੇਸ਼ ਦੇ ਲਈ ਵੀ ਕਹਿੰਦੇ ਹਨ ਸਰਵਵਿਆਪੀ। ਇਕ ਹੀ ਮਥੁਰਾ

ਸ਼ਹਿਰ ਵਿਚ ਕੋਈ ਕਹਿਣਗੇ ਸ਼੍ਰੀਕ੍ਰਿਸ਼ਨ ਸਰਵਵਿਆਪੀ ਹੈ, ਕੋਈ ਕਹਿਣਗੇ ਰਾਧੇ ਸਰਵਵਿਆਪੀ ਹੈ। ਕਿੰਨੇ ਮੂੰਝ ਗਏ ਹਨ। ਇਕ ਦੀ ਮਤ ਦੂਜੇ ਨਾਲ ਨਹੀਂ ਮਿਲਦੀ। ਇਕ ਹੀ ਘਰ ਵਿਚ ਬਾਪ ਦਾ ਗੁਰੂ ਵੱਖ ਅਤੇ ਬੱਚੇ ਦਾ ਗੁਰੂ ਵੱਖ। ਅਸਲ ਵਿਚ ਗੁਰੂ ਕੀਤਾ ਜਾਂਦਾ ਹੈ ਵਾਨਪ੍ਰਸਥ ਵਿਚ। ਬਾਪ ਕਹਿੰਦੇ ਹਨ ਮੈਂ ਵੀ ਆਇਆ ਹਾਂ ਇਨ੍ਹਾਂ ਦੀ ਵਾਨਪ੍ਰਸਥ ਅਵਸਥਾ ਵਿਚ। ਦੁਨੀਆ ਵਿਚ ਜਿਨ੍ਹਾਂ ਵੱਡਾ ਗੁਰੂ ਹੁੰਦਾ ਹੈ, ਉਸਨੂੰ ਉਤਨਾ ਜ਼ਿਆਦਾ ਨਸ਼ਾ ਰਹਿੰਦਾ ਹੈ। ਆਦਿ ਦੇਵ ਨੂੰ ਮਹਾਵੀਰ ਦਾ ਨਾਮ ਦਿੱਤਾ ਹੈ। ਹਨੂਮਾਨ ਨੂੰ ਵੀ ਮਹਾਵੀਰ ਕਿਹਾ ਜਾਂਦਾ ਹੈ। ਮਹਾਵੀਰ ਤਾਂ ਤੁਸੀ ਸ਼ਕਤੀਆਂ ਨੂੰ ਕਿਹਾ ਜਾਂਦਾ ਹੈ। ਦਿਲਵਾੜਾ ਮੰਦਿਰ ਵਿਚ ਸ਼ਕਤੀਆਂ ਦੀ ਸ਼ੇਰ ਤੇ ਸਵਾਰੀ ਹੈ ਅਤੇ ਪਾਂਡਵਾਂ ਦੀ ਹਾਥੀਆਂ ਉੱਤੇ। ਮੰਦਿਰ ਬੜਾ ਯੁਕਤੀ ਨਾਲ ਬਣਿਆ ਹੋਇਆ ਹੈ। ਹੂਬਹੂ ਤੁਹਾਡਾ ਯਾਦਗਾਰ ਹੈ। ਤੁਸੀਂ ਤਾਂ ਉਸ ਵਕਤ ਨਹੀਂ ਸੀ ਜੋ ਤੁਹਾਡਾ ਫੋਟੋ ਦਿੰਦੇ। ਮੰਦਿਰ ਤਾਂ ਦਵਾਪਰ ਵਿਚ ਬਣੇ ਹਨ ਤਾਂ ਤੁਹਾਡੇ ਚਿਤਰ ਕਿਥੋਂ ਆਉਣਗੇ। ਸਰਵਿਸ ਤਾਂ ਤੁਸੀਂ ਇਸ ਵੇਲੇ ਕਰ ਰਹੇ ਹੋ। ਗੱਲਾਂ ਤੇ ਸਭ ਇਸ ਵਕਤ ਦੀਆਂ ਹਨ। ਉਨ੍ਹਾਂ ਨੇ ਬਾਅਦ ਵਿਚ ਸ਼ਾਸਤਰ ਬਣਾਏ ਹਨ। ਜੇਕਰ ਅਸੀਂ ਗੀਤਾ ਦਾ ਨਾਮ ਨਾ ਲਈਏ ਤਾਂ ਕਹਿਣਗੇ - ਪਤਾ ਨਹੀਂ ਕਿ ਇਹ ਕਿਹੜਾ ਨਵਾਂ ਧਰਮ ਹੈ? ਕਿੰਨੀ ਮੇਹਨਤ ਲਗਦੀ ਹੈ। ਉਹ ਇਸ ਦੁਨੀਆ ਵਿਚ ਸਿਰਫ ਧਰਮ ਸਥਾਪਨ ਕਰਦੇ ਹਨ। ਤੁਹਾਨੂੰ ਤਾਂ ਨਵੀ ਦੁਨੀਆ ਲਈ ਬਾਪ ਤਿਆਰ ਕਰ ਰਹੇ ਹਨ।

ਬਾਪ ਕਹਿੰਦੇ ਹਨ ਮੇਰੇ ਵਰਗਾ ਕਰੱਤਵ ਕੋਈ ਕਰ ਨਹੀਂ ਸਕਦਾ। ਸਾਰੇ ਬੱਚਿਆਂ ਨੂੰ ਪਾਵਨ ਬਣਾਉਣਾ ਪੈਂਦਾ ਹੈ। ਤੁਹਾਨੂੰ ਬੱਚਿਆਂ ਨੂੰ ਵਾਰਨਿੰਗ ਦੇਣੀ ਪਵੇ। ਭਾਰਤ ਵਿਚ ਕਿੰਨਾ ਅਨੱਰਥ ਹੋ ਗਿਆ ਹੈ, ਜਿਸ ਕਾਰਣ ਹੀ ਭਾਰਤ ਕੋਡੀ ਵਰਗਾ ਬਣ ਗਿਆ ਹੈ। ਪਿਤਾ ਨੇ ਗੀਤਾ ਮਾਤਾ ਦਵਾਰਾ ਸ਼੍ਰੀਕ੍ਰਿਸ਼ਨ ਨੂੰ ਜਨਮ ਦਿੱਤਾ, ਉਨ੍ਹਾਂ ਨੇ ਫਿਰ ਸ਼੍ਰੀਕ੍ਰਿਸ਼ਨ ਨੂੰ ਗੀਤਾ ਦਾ ਸਵਾਮੀ ਬਣਾ ਦਿੱਤਾ ਹੈ। ਗੀਤਾ ਦਾ ਸਵਾਮੀ ਤਾਂ ਸ਼ਿਵ ਹੈ। ਉਸਨੇ ਗੀਤਾ ਦਵਾਰਾ ਉਸਨੂੰ(ਸ਼੍ਰੀਕ੍ਰਿਸ਼ਨ) ਜਨਮ ਦਿੱਤਾ। ਤੁਸੀਂ ਸਾਰੇ ਸੰਜੇ ਹੋ, ਸੁਣਾਉਣ ਵਾਲਾ ਇਕ ਸ਼ਿਵਬਾਬਾ ਹੈ। ਪ੍ਰਾਚੀਨ ਦੇਵੀ- ਦੇਵਤਾ ਧਰਮ ਨੂੰ ਰਚਣ ਵਾਲਾ ਕੌਣ? ਇਹ ਸਭ ਲਿਖਣ ਵਿਚ ਬੁੱਧੀ ਚਾਹੀਦੀ ਹੈ। ਗੀਤਾ ਨਾਲ ਅਸੀਂ ਸਾਰੇ ਜਨਮ ਲੈ ਰਹੇ ਹਾਂ। ਮੰਮਾ, ਰਾਧੇ ਅਤੇ ਇਹ ਫਿਰ ਸ਼੍ਰੀਕ੍ਰਿਸ਼ਨ ਬਣੇਗਾ। ਇਹ ਗੁਪਤ ਗੱਲਾਂ ਹਨ ਨਾ। ਬ੍ਰਾਹਮਣਾ ਦਾ ਜਨਮ ਕੋਈ ਸਮਝ ਨਹੀਂ ਸਕਦਾ। ਗੱਲ ਹੈ ਸ਼੍ਰੀਕ੍ਰਿਸ਼ਨ ਦੀ ਅਤੇ ਪਰਮਾਤਮਾ ਦੀ। ਬ੍ਰਹਮਾ, ਸ਼੍ਰੀਕ੍ਰਿਸ਼ਨ ਅਤੇ ਸ਼ਿਵਬਾਬਾ - ਇਹ ਸਾਰੀਆਂ ਗੱਲਾਂ ਗੁਪਤ ਹਨ ਨਾ। I ਇਨ੍ਹਾਂ ਗੱਲਾਂ ਨੂੰ ਸਮਝਣ ਵਾਲਾ ਬੜਾ ਬੁੱਧੀਮਾਨ ਚਾਹੀਦਾ ਹੈ। ਜਿਨ੍ਹਾਂ ਦਾ ਯੋਗ ਪੂਰਾ ਹੋਵੇਗਾ, ਉਨ੍ਹਾਂ ਦੀ ਬੁੱਧੀ ਪਾਰਸ ਬਣਦੀ ਜਾਵੇਗੀ। ਭਟਕਨ ਵਾਲੇ ਦੀ ਬੁੱਧੀ ਵਿਚ ਇਹ ਠਹਿਰ ਨਹੀਂ ਸਕਦਾ। ਬਾਬਾ ਤੁਹਾਨੂੰ ਬੱਚਿਆਂ ਨੂੰ ਕਿੰਨੀ ਉੱਚੀ ਨੋਲਜ ਦੇ ਰਹੇ ਹਨ। ਕਈ ਵਿਦਿਆਰਥੀ ਵੀ ਆਪਣੀ ਬੁੱਧੀ ਚਲਾਉਂਦੇ ਹਨ ਨਾ। ਤਾਂ ਹੁਣ ਬੈਠ ਕੇ ਲਿਖੋ। ਸ਼ੁਭ ਕੰਮ ਵਿਚ ਦੇਰੀ ਨਹੀਂ ਕਰਨੀ ਚਾਹੀਦੀ ਹੈ। ਅਸੀਂ ਸਾਗਰ ਦੇ ਬੱਚੇ ਆਪਣੇ ਭੈਣ ਭਰਾਵਾਂ ਨੂੰ ਬਚਾਈਏ। ਵਿਚਾਰੇ ਏਨੀਆਂ ਠੋਕਰਾਂ ਖਾਂਦੇ ਰਹਿੰਦੇ ਹਨ। ਕਹਿਣਗੇ ਬੀ.ਕੇ. ਏਨੀਆਂ ਰੜੀਆ ਮਾਰਦੇ ਰਹਿੰਦੇ ਹਨ, ਕੁਝ ਤਾਂ ਗੱਲ ਹੋਵੇਗੀ। ਲੱਖਾਂ ਪਰਚੇ ਛਪਵਾ ਕੇ ਗੀਤਾ ਪਾਠਸ਼ਾਲਾ ਵਿਚ ਵੰਡੋ। ਭਾਰਤ ਅਵਿਨਾਸ਼ੀ ਖੰਡ ਹੈ ਤੇ ਸਰਵੋਤਮ ਤੀਰਥ। ਜੋ ਬਾਪ ਸਾਰਿਆਂ ਨੂੰ ਸਦਗਤੀ ਦਿੰਦੇ ਹਨ। ਉਨ੍ਹਾਂ ਦੇ ਤੀਰਥ ਸਥਾਨ ਨੂੰ ਗੁੰਮ ਕਰ ਦਿੱਤਾ ਹੈ ਤੇ ਫਿਰ ਉਨ੍ਹਾਂ ਦਾ ਨਾਮ ਨਿਕਾਲਨਾ ਪਵੇ। ਫੁੱਲ ਚੜ੍ਹਾਉਣ ਦੇ ਯੋਗ ਤਾਂ ਇਕ ਸ਼ਿਵਬਾਬਾ ਹੀ ਹਨ, ਬਾਕੀ ਤਾਂ ਸਾਰੇ ਬੇਕਾਰ ਹਨ। ਗੀਤਾ ਪਾਠਸ਼ਾਲਾ ਬਹੁਤ ਹਨ। ਤੁਸੀਂ ਭੇਸ ਬਦਲ ਕੇ ਓਥੇ ਜਾਓ। ਫਿਰ ਚਾਹੇ ਇਹ ਸਮਝਣ ਇਹ ਬੀ. ਕੇ. ਹੋਣਗੇ, ਅਜਿਹੇ ਪ੍ਰਸ਼ਨ ਕੋਈ ਪੁੱਛ ਨਹੀਂ ਸਕਦਾ। ਅੱਛਾ।

ਤੁਸੀਂ ਸਮਝਦੇ ਹੋ ਕਿ ਸ਼ਿਵਬਾਬਾ ਬ੍ਰਹਮਾ ਤਨ ਵਿਚ ਬੈਠ ਕੇ ਇਹ ਗੱਲਾਂ ਸਮਝਾਉਂਦੇ ਹਨ। ਜੋ ਬਾਬਾ ਸਵਰਗ ਦਾ ਮਾਲਿਕ ਬਣਾਉਣ ਵਾਲਾ ਹੈ, ਉਹ ਆਇਆ ਹੋਇਆ ਹੈ। ਜਦੋ ਤੱਕ ਬ੍ਰਾਹਮਣ ਨਾ ਬਣਨ ਓਦੋ ਤੱਕ ਦੇਵਤਾ ਨਹੀਂ ਬਣ ਸਕਦੇ। ਬ੍ਰਾਹਮਣ ਕੁਲ ਦੇਵਤਾਵਾਂ ਤੋਂ ਵੀ ਉਚ ਹੈ। ਸਭ ਦੀ ਆਤਮਾ ਪਾਵਨ ਹੋ ਰਹੀ ਹੈ। ਤੁਸੀਂ ਫਿਰ ਨਵੀਂ ਦੁਨੀਆ ਵਿਚ ਪੁਨਰਜਨਮ ਲਵੋਗੇ। ਅੱਛਾ।

ਮਿੱਠੇ - ਮਿੱਠੇ ਸਿਕੀਲਧੇ ਬੱਚਿਆਂ ਪ੍ਰਤੀ ਮਾਤ-ਪਿਤਾ ਬਾਪਦਾਦਾ ਦਾ ਯਾਦ-ਪਿਆਰ ਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਰਾਤ ਦੀ ਕਲਾਸ**:- 12-1-69**

ਤੁਸੀਂ ਬੱਚੇ ਇਕ ਬਾਪ ਦੀ ਯਾਦ ਵਿਚ ਬੈਠੇ ਹੋ, ਇਕ ਦੀ ਯਾਦ ਵਿਚ ਰਹਿਣਾ, ਇਸਨੂੰ ਕਹਾਂਗੇ ਅਵਿਭਚਾਰੀ ਯਾਦ। ਜੇਕਰ ਇਥੇ ਬੈਠੇ ਵੀ ਕਿਸੇ ਹੋਰ ਦੀ ਯਾਦ ਆਉਂਦੀ ਹੈ ਤਾਂ ਵਿਭਚਾਰੀ ਯਾਦ ਕਹਾਂਗੇ। ਖਾਣਾ, ਪੀਣਾ, ਰਹਿਣਾ ਇਕ ਘਰ ਵਿਚ ਯਾਦ ਦੂਜੇ ਨੂੰ ਕਰਨਾ, ਇਹ ਤਾਂ ਠਗੀ ਹੋ ਗਈ। ਭਗਤੀ ਵੀ ਤਾਂ ਜਦ ਤੱਕ ਇਕ ਸ਼ਿਵਬਾਬਾ ਦੀ ਕਰਦੇ ਹਾਂ ਓਦੋ ਤੱਕ ਅਵਿਭਚਾਰੀ ਭਗਤੀ ਹੋ ਗਈ ਫਿਰ ਹੋਰਾਂ ਨੂੰ ਯਾਦ ਕਰਨਾ, ਇਹ ਵਿਭਚਾਰੀ ਭਗਤੀ ਹੋ ਜਾਂਦੀ ਹੈ। ਹੁਣ ਤੁਹਾਨੂੰ ਬੱਚਿਆਂ ਨੂੰ ਗਿਆਨ ਮਿਲਿਆ ਹੈ, ਇਕ ਬਾਪ ਕਿੰਨੀ ਕਮਾਲ ਕਰਦੇ ਹਨ। ਸਾਨੂੰ ਵਿਸ਼ਵ ਦਾ ਮਲਿਕ ਬਣਾਉਂਦੇ ਹਨ। ਤਾਂ ਉਸਨੂੰ ਯਾਦ ਕਰਨਾ ਚਾਹੀਦਾ ਹੈ। ਮੇਰਾ ਤਾਂ ਇਕ ਸ਼ਿਵਬਾਬਾ। ਪਰ ਬੱਚੇ ਕਹਿੰਦੇ ਹਨ ਸ਼ਿਵਬਾਬਾ ਦੀ ਯਾਦ ਭੁੱਲ ਜਾਂਦੀ ਹੈ। ਵਾਹ! ਭਗਤੀ ਮਾਰਗ ਵਿਚ ਤਾਂ ਤੁਸੀਂ ਕਹਿੰਦੇ ਸੀ ਅਸੀਂ ਇਕ ਦੀ ਹੀ ਭਗਤੀ ਕਰਾਂਗੇ। ਉਹ ਹੀ ਪਤਿਤ ਪਾਵਨ ਹੈ, ਕਿਸੇ ਹੋਰ ਨੂੰ ਪਤਿਤ ਪਾਵਨ ਨਹੀਂ ਕਿਹਾ ਜਾਂਦਾ। ਇਕ ਨੂੰ ਹੀ ਕਿਹਾ ਜਾਂਦਾ ਹੈ। ਉਹ ਹੀ ਉੱਚ ਤੇ ਉੱਚ ਹੈ। ਹੁਣ ਤਾਂ ਭਗਤੀ ਦੀ ਗੱਲ ਹੀ ਨਹੀਂ ਹੈ। ਬੱਚਿਆਂ ਨੂੰ ਗਿਆਨ ਹੈ। ਗਿਆਨ ਸਾਗਰ ਨੂੰ ਯਾਦ ਕਰਨਾ ਹੈ। ਭਗਤੀ ਮਾਰਗ ਵਿਚ ਤੁਸੀਂ ਕਹਿੰਦੇ ਹੋ ਤੁਸੀਂ ਆਓਗੇ ਤਾਂ ਅਸੀਂ ਤੁਹਾਨੂੰ ਯਾਦ ਕਰਾਂਗੇ। ਤਾਂ ਇਹ ਗੱਲਾਂ ਯਾਦ ਕਰਨੀਆਂ ਚਾਹੀਦੀਆਂ ਹਨ। ਹਰੇਕ ਆਪਣੇ ਆਪ ਨੂੰ ਪੁੱਛੇ

ਅਸੀਂ ਇਕ ਬਾਪ ਨੂੰ ਯਾਦ ਕਰਦੇ ਹਾਂ ਜਾਂ ਅਨੇਕ ਮਿੱਤਰ, ਸੰਬੰਧੀਆ ਆਦਿ ਨੂੰ ਯਾਦ ਕਰਦੇ ਹਾਂ? ਇਕ ਬਾਪ ਨਾਲ ਹੀ ਦਿਲ ਲਗਾਉਣਾ ਹੈ। ਜੇਕਰ ਦਿਲ ਕਿਤੇ ਹੋਰ ਗਈ ਤਾਂ ਯਾਦ ਵਿਭਚਾਰੀ ਹੋ ਜਾਂਦੀ ਹੈ। ਬਾਪ ਕਹਿੰਦੇ ਹਨ ਬੱਚੇ ਮਾਮੇਕਮ ਯਾਦ ਕਰੋ। ਫਿਰ ਓਥੇ ਤੁਹਾਨੂੰ ਦੈਵੀ ਸੰਬੰਧ ਮਿਲਣਗੇ। ਨਵੀ ਦੁਨੀਆ ਵਿਚ ਸਾਰੇ ਨਵੇਂ ਮਿਲਣਗੇ। ਤਾਂ ਆਪਣੀ ਜਾਂਚ ਰੱਖਣੀ ਹੈ ਕਿ ਅਸੀਂ ਕਿਸ ਨੂੰ ਯਾਦ ਕਰਦੇ ਹਾਂ? ਬਾਪ ਕਹਿੰਦੇ ਹਨ ਤੁਸੀਂ ਮੈਨੂੰ ਪਾਰਲੌਕਿਕ ਬਾਪ ਨੂੰ ਯਾਦ ਕਰੋ। ਮੈਂ ਹੀ ਪਤਿਤ - ਪਾਵਨ ਹਾਂ, ਕੋਸ਼ਿਸ਼ ਕਰਕੇ ਹੋਰ ਤਰਫ ਤੋਂ ਬੁੱਧੀਯੋਗ ਹਟਾ ਕੇ ਬਾਪ ਨੂੰ ਯਾਦ ਕਰਨਾ ਹੈ। ਜਿਨਾਂ ਯਾਦ ਕਰਾਂਗੇ ਉਨ੍ਹਾਂ ਹੀ ਪਾਪ ਕਟਦੇ ਜਾਣਗੇ। ਇਵੇਂ ਨਹੀਂ ਜਿੰਨਾਂ ਅਸੀਂ ਯਾਦ ਕਰਾਂਗੇ ਉਤਨਾ ਬਾਪ ਵੀ ਸਾਨੂੰ ਯਾਦ ਕਰਨਗੇ। ਬਾਪ ਨੇ ਥੋੜੀ ਪਾਪ ਕੱਟਣੇ ਹਨ। ਹੁਣ ਤੁਸੀਂ ਇਥੇ ਬੈਠੇ ਹੋ ਪਾਵਨ ਬਣਨ ਲਈ। ਸ਼ਿਵਬਾਬਾ ਵੀ ਇਥੇ ਹਨ, ਉਨ੍ਹਾਂ ਨੂੰ ਆਪਣਾ ਸ਼ਰੀਰ ਤੇ ਹੈ ਨਹੀਂ, ਲੋਂਨ ਲਿਆ ਹੋਇਆ ਹੈ। ਤੁਸੀਂ ਬਾਪ ਨਾਲ ਪ੍ਰਤਿਗਿਆ ਕੀਤੀ ਹੋਈ ਹੈ- ਬਾਬਾ ਤੁਸੀਂ ਆਓਗੇ ਤਾਂ ਅਸੀਂ ਤੁਹਾਡੇ ਬਣ ਕੇ ਨਵੀ ਦੁਨੀਆ ਦੇ ਮਾਲਿਕ ਬਣਾਂਗੇ। ਆਪਣੇ ਦਿਲ ਤੋਂ ਪੁੱਛਦੇ ਰਹੋ। ਇਹ ਤਾਂ ਜਾਣਦੇ ਹੋ ਬੁੱਧੀਯੋਗ ਦੀ ਲਿੰਕ ਘੜੀ-ਘੜੀ ਬਾਪ ਨਾਲੋਂ ਟੁੱਟ ਜਾਂਦੀ ਹੈ। ਬਾਪ ਜਾਣਦੇ ਹਨ, ਲਿੰਕ ਟੁਟੇਗੀ, ਫਿਰ ਯਾਦ ਕਰਨਗੇ, ਫਿਰ ਟੁੱਟੇਗੀ। ਬੱਚੇ ਨੰਬਰਵਾਰ ਪੁਰਸ਼ਾਰਥ ਤਾਂ ਕਰਦੇ ਹੀ ਹਨ। ਚੰਗੀ ਤਰ੍ਹਾਂ ਯਾਦ ਕਰੋਗੇ ਤਾਂ ਇਸ ਰਾਜਧਾਨੀ ਵਿਚ ਆ ਜਾਵੋਗੇ। ਆਪਣੀ ਜਾਂਚ ਕਰਦੇ ਰਹੋ, ਡਾਇਰੀ ਰੱਖੋ। ਸਾਰੇ ਦਿਨ ਵਿਚ ਸਾਡਾ ਬੁੱਧੀਯੋਗ ਕਿਥੇ-2 ਗਿਆ? ਤਾਂ ਫਿਰ ਬਾਪ ਸਮਝਾਉਣਗੇ। ਆਤਮਾ ਵਿਚ ਜਿਹੜੀ ਮਨ ਬੁੱਧੀ ਹੈ, ਉਹ ਭੱਜਦੀ ਹੈ। ਬਾਪ ਕਹਿੰਦੇ ਹਨ ਭੱਜਣ ਨਾਲ ਘਾਟਾ ਪੈ ਜਾਵੇਗਾ। ਮੈਨੂੰ ਯਾਦ ਕਰਨ ਨਾਲ ਬੜਾ ਫਾਇਦਾ ਹੈ, ਬਾਕੀ ਤਾਂ ਨੁਕਸਾਨ ਹੀ ਨੁਕਸਾਨ ਹੈ। ਯਾਦ ਕਰਨਾ ਹੈ ਮੁੱਖ ਇਕ ਨੂੰ। ਆਪਣੇ ਉਪਰ ਖਬਰਦਾਰੀ ਰੱਖਣੀ ਹੈ ਕਦਮ - ਕਦਮ ਤੇ ਫਾਇਦਾ ਅਤੇ ਕਦਮ- ਕਦਮ ਤੇ ਘਾਟਾ। 84 ਜਨਮ ਦੇਹਧਾਰੀਆਂ ਨੂੰ ਯਾਦ ਕਰਕੇ ਘਾਟਾ ਹੀ ਪਾਇਆ। ਇਕ-2 ਦਿਨ ਲੰਘਦੇ 5000 ਸਾਲ ਬੀਤ ਗਏ, ਘਾਟਾ ਹੀ ਘਾਟਾ ਹੋਇਆ ਹੈ। ਹੁਣ ਬਾਪ ਦੀ ਯਾਦ ਵਿਚ ਰਹਿ ਫਾਇਦਾ ਕਰਨਾ ਹੈ।

ਇਵੇਂ ਵਿਚਾਰ ਸਾਗਰ ਮੰਥਨ ਕਰ ਗਿਆਨ ਰਤਨ ਕੱਢਣੇ ਹਨ। ਬਾਪ ਦੀ ਯਾਦ ਵਿਚ ਇਕਾਗਰਚਿੱਤ ਹੋ ਕੇ ਲੱਗਣਾ ਹੈ। ਕਈ ਬੱਚਿਆਂ ਨੂੰ ਕੌਢੀਆ ਕਮਾਉਣ ਦੀ ਫਿਕਰ ਰਹਿੰਦੀ ਹੈ। ਮਾਇਆ ਕੰਮ-ਧੰਧੇ ਦੇ ਵਿਚਾਰ ਲੈ ਆਉਂਦੀ ਹੈ। ਅਮੀਰਾਂ ਨੂੰ ਤਾਂ ਬੜੇ ਵਿਚਾਰ ਆਉਂਦੇ ਹਨ। ਬਾਬਾ ਕੀ ਕਰੇ, ਬਾਬਾ ਦਾ ਕਿੰਨਾ ਚੰਗਾ ਧੰਧਾ ਸੀ, ਧੱਕੇ ਆਦਿ ਖਾਣ ਦੀ ਲੋੜ ਹੀ ਨਹੀਂ ਸੀ। ਕੋਈ ਵਪਾਰੀ ਆਉਂਦਾ ਸੀ ਤਾਂ ਮੈਂ ਪੁੱਛਦਾ ਸੀ, ਪਹਿਲੇ ਇਹ ਤਾਂ ਦੱਸੋ ਵਪਾਰੀ ਹੋ ਜਾ ਏਜੇਂਟ ਹੋ? ਤੁਸੀਂ ਧੰਧਾ ਆਦਿ ਕਰਦੇ ਬੁੱਧੀ ਯੋਗ ਬਾਪ ਨਾਲ ਰੱਖਣਾ ਹੈ। ਹੁਣ ਕਲਯੁਗ ਪੂਰਾ ਹੋ ਸਤਿਯੁਗ ਆਉਣਾ ਹੈ। ਪਤਿਤ ਤਾਂ ਸਤਿਯੁਗ ਵਿਚ ਜਾਣਗੇ ਹੀ ਨਹੀਂ। ਜਿੰਨਾਂ ਯਾਦ ਕਰਨਗੇ ਉਤਨਾ ਹੀ ਪਵਿਤ੍ਰ ਬਣਨਗੇ। ਪਿਓਰਿਟੀ ਨਾਲ ਚੰਗੀ ਧਾਰਨਾ ਹੁੰਦੀ ਹੈ। ਪਤਿਤ ਨਾ ਯਾਦ ਕਰ ਸਕਣਗੇ, ਨਾ ਧਾਰਨਾ ਹੋਵੇਗੀ। ਕਿਸੇ ਨੂੰ ਕਿਸਮਤ ਨਾਲ ਸਮਾ ਮਿਲਦਾ ਹੈ, ਪੁਰਸ਼ਾਰਥ ਕਰਦੇ ਹਨ, ਕਿਸੇ ਨੂੰ ਸਮਾ ਹੀ ਨਹੀਂ ਮਿਲਦਾ, ਯਾਦ ਹੀ ਨਹੀਂ ਕਰਦੇ। ਜਿੰਨੀ ਕਲਪ ਪਹਿਲਾਂ ਕੋਸ਼ਿਸ਼ ਕੀਤੀ ਸੀ ਓਨੀ ਹੀ ਕਰਨਗੇ। ਹਰੇਕ ਨੂੰ ਆਪਣੀ ਮੇਹਨਤ ਕਰਨੀ ਹੈ। ਕਮਾਈ ਵਿਚ ਘਾਟਾ ਪੈਂਦਾ ਹੈ ਤੇ ਕਹਿੰਦੇ ਸਨ ਈਸ਼ਵਰ ਦੀ ਇੱਛਾ। ਹੁਣ ਕਹਿੰਦੇ ਹਨ ਡਰਾਮਾ। ਜੋ ਕਲਪ ਪਹਿਲਾ ਹੋਇਆ ਸੀ ਉਹ ਹੀ ਹੋਵੇਗਾ। ਇਵੇਂ ਨਹੀਂ ਹੁਣ 4 ਘੰਟੇ ਯਾਦ ਕਰਦੇ ਹੋ ਤੇ ਦੂਜੇ ਕਲਪ ਜ਼ਿਆਦਾ ਯਾਦ ਕਰੋਗੇ, ਨਹੀਂ। ਸਿੱਖਿਆ ਦਿਤੀ ਜਾਂਦੀ ਹੈ। ਹੁਣ ਪੁਰਸ਼ਾਰਥ ਕਰੋਗੇ ਤਾਂ ਕਲਪ ਕਲਪ ਚੰਗਾ ਹੋਵੇਗਾ। ਤਾਂ ਜਾਂਚ ਕਰੋ ਬੁੱਧੀ ਕਿੱਥੇ-ਕਿੱਥੇ ਜਾਂਦੀ ਹੈ। ਮੱਲਯੁੱਧ ਵਿਚ ਬੜੀ ਖਬਰਦਾਰੀ ਰੱਖਦੇ ਹਨ। ਅੱਛਾ।

ਰੂਹਾਨੀ ਬੱਚਿਆਂ ਨੂੰ ਰੂਹਾਨੀ ਬਾਪ ਦਾਦਾ ਦਾ ਯਾਦ ਪਿਆਰ ਅਤੇ ਗੁੱਡਨਾਈਟ।

ਧਾਰਨਾ ਲਈ ਮੁੱਖ ਸਾਰ:-

**1** ਬੁੱਧੀਵਾਨ ਬਣਨ ਲਈ ਯਾਦ ਨਾਲ ਆਪਣੀ ਬੁੱਧੀ ਨੂੰ ਪਾਰਸ ਬਨਾਉਣਾ ਹੈ। ਬੁੱਧੀ ਇਧਰ-ਉਧਰ ਭਟਕਾਣੀ ਨਹੀਂ ਹੈ। ਬਾਪ ਜੋ ਸੁਣਾਉਂਦੇ ਹਨ ਉਸਤੇ ਹੀ ਵਿਚਾਰ ਕਰਨਾ ਹੈ।

**2** ਭ੍ਰਮਰੀ ਬਣ ਭੂੰ-ਭੂੰ ਕਰ ਨਰਕਵਾਸੀ ਬਣੇ ਹੋਏ ਕਿੜਿਆਂ ਨੂੰ ਦੇਵੀ ਦੇਵਤਾ ਬਣਾਉਣ ਦੀ ਸੇਵਾ ਕਰਨੀ ਹੈ। ਸ਼ੁਭ ਕੰਮ ਵਿਚ ਦੇਰ ਨਹੀਂ ਕਰਨੀ ਹੈ। ਆਪਣੇ ਭਾਈ ਭੈਣਾਂ ਨੂੰ ਬਚਾਉਣਾ ਹੈ।

ਵਰਦਾਨ:- ਸਮਾਨਤਾ ਦੀ ਭਾਵਨਾ ਹੁੰਦੇ ਵੀ ਹੈ ਕਦਮ ਵਿੱਚ ਵਿਸ਼ੇਸ਼ਤਾ ਦਾ ਅਨੁਭਵ ਕਰਵਾਉਣ ਵਾਲੇ ਵਿਸ਼ੇਸ਼ ਆਤਮਾ ਭਵ।
ਹਰ ਬੱਚੇ ਵਿੱਚ ਆਪਣੀ - ਆਪਣੀ ਵਿਸ਼ੇਸ਼ਤਾਵਾਂ ਹਨ। ਵਿਸ਼ੇਸ਼ ਆਤਮਾਵਾਂ ਦਾ ਕਰਮ ਸਧਾਰਨ ਆਤਮਾਵਾਂ ਤੋਂ ਵੱਖ ਹੈ। ਹਰ ਇੱਕ ਵਿਚ ਭਾਵਨਾ ਤੇ ਸਮਾਨਤਾ ਦੀ ਰੱਖਣੀ ਹੈ ਲੇਕਿਨ ਵਿਖਾਈ ਦੇਵੇ ਕਿਹੜੀਆਂ ਵਿਸ਼ੇਸ਼ ਆਤਮਾਵਾਂ ਹਨ। ਵਿਸ਼ੇਸ਼ ਆਤਮਾਵਾਂ ਮਤਲਬ ਵਿਸ਼ੇਸ਼ ਕਰਨ ਵਾਲੀ, ਸਿਰਫ ਕਹਿਣ ਵਾਲੀ ਨਹੀਂ। ਉਨ੍ਹਾਂ ਤੋਂ ਸਭ ਨੂੰ ਫੀਲਿੰਗ ਆਵੇਗੀ ਕਿੰਨੀ ਸਨੇਹ ਦੇ ਭੰਡਾਰ ਹਨ, ਹਰ ਕਦਮ ਵਿੱਚ, ਹਰ ਨਜਰ ਵਿੱਚ ਸਨੇਹ ਅਨੁਭਵ ਹੋਵੇ - ਇਹ ਹੀ ਤੇ ਵਿਸ਼ੇਸ਼ਤਾ ਹੈ।

ਸਲੋਗਨ:- ਸ੍ਰਿਸ਼ਟੀ ਦੀ ਕਿਆਮਤ ਦੇ ਪਹਿਲੇ ਆਪਣੀਆਂ ਕਮੀਆਂ ਅਤੇ ਕਮਜੋਰੀਆਂ ਦੀ ਕਿਆਮਤ ਕਰੋ।

******